ੴ ਸਤਿਗੁਰਪ੍ਰਸਾਦਿ।

**ਇਹ ਲੇਖ ਭਾਈ ਸਾਹਿਬ ਜੀ ਦੀ ਰਚਿਤ ਪੁਸਤਕ ‘ਗੁਰਮਤਿ ਪ੍ਰਕਾਸ਼’ ਵਿਚੋਂ ਲਿਆ ਗਿਆ ਹੈ।**



# BHAI SAHIB BHAI RANDHIR SINGH JI

**(1878-1961)**

**A great GurSikh, Freedom fighter, Reformer, Scholar, Hero of Lahore conspiracy case and First prisoner of Gurudwara reform movement.**

Books of bhai sahib are available at:

**Bhai Sahib Randhir Singh Trust**
**23-G Sarabha Nagar, Ludhiana**
**Panjab**

## ੩

## *ਸੰਤ ਗੁਰੂ-ਗੁਰੂ ਨਾਨਕ*

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥
ਸੂਹੀ ਮ: ੪ ਅਸ਼ਟ, ਪੰਨਾ ੭੫੯

ਮਤ ਜਾਣਹੁ ਸਤਿਗੁਰ ਨਾਨਕ ਦੇਵ ਗੈਰ-ਹਾਜ਼ਰ ਹੈ। ਉਹ ਸਦਾ ਸਦਾ ਹਾਜ਼ਰ-ਨਾਜ਼ਰ ਹੈ। ਸਾਰਿਆਂ ਅੰਦਰਿ, ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਓਹ ਕਦੇ ਵੀ ਨਾਸ਼ਵੰਤ ਨਹੀਂ ਹੈ। ਨਾ ਦਿੱਬਯ-ਜੋਤਿ-ਕ੍ਰਾਂਤ ਕਰਕੇ, ਨਾ ਹੀ ਜੋਤਿ-ਤੱਤ-ਮਤਾਂਤ ਕਰਕੇ, ਕਦੇ ਵੀ ਨਾਸ਼ਵੰਤ ਨਹੀਂ ਹੋਇਆ, ਸਦਾ ਅਭਿਨਾਸ਼ੀ ਹੈ। ਮਨ-ਭਾਵਨੀ ਤੇ ਜਦ ਚਾਹੋ, ਪ੍ਰਗਟ ਹੋਇ ਆਉਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ, ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ-ਸਦੀਵ ਅਨਿੰਨ ਗੁਰਸਿੱਖਾਂ ਦੇ ਹਿਰਦੇ ਅੰਦਰ ਬਿਰਾਜਮਾਨ ਹਨ। ਸ਼ਰਧਾਵਾਨ ਅਭਿਆਸੀਆਂ ਨੂੰ ਦਰਸ਼ਨ ਓਸੇ ਸਰੂਪ ਵਿਖੇ ਆਣਿ ਦੇਵੰਦੇ ਹਨ ਜਿਸ ਸਰੂਪ ਵਿਖੇ ਓਹ ਦਿੱਬ ਦੇਹੀ ਦੇ ਹੁੰਦਿਆਂ ਦਿੰਦੇ ਸਨ।

ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸੰਤ ਗੁਰੂ, ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ। ਮੁੱਢ-ਕਦੀਮ ਤੋਂ ਸਦ-ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਜਾਮੇ ਓਤਿ ਪੋਤਿ ਇਕੋ ਗੁਰੂ ਸਰੂਪ-ਮਈ ਸੱਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ। ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਹੀ ਇਉਂ ਕਿਉਂ ਉਚਾਰਨ ਕਰਦੇ ਕਿ:-

ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੇ ਜਗ ਵਿਚ ਕੋਆ॥੨੨॥
(ਵਾਰ ੧)

ਗੁਰੂ ਨਾਨਕ ਸਾਹਿਬ ਹੀ ਸੱਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ। ਕੇਵਲ ਦੁਨਿਆਵੀ ਮੰਡਲਾਂ ਵਿਖੇ ਹੀ ਨਹੀਂ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਸੱਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸੱਚਾ ਨਿਸਤਾਰਾ, ਕਲਿਆਣ-ਮਈ ਸੱਚਾ ਉਧਾਰਾ ਸਾਰੇ ਬ੍ਰਹਿਮੰਡਾਂ ਦੇ ਪ੍ਰਾਣੀਆਂ ਦਾ ਕੇਵਲ ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ ਅਤੇ ਹੁੰਦਾ ਰਹਿਆ ਹੈ। ਅੱਜ ਕੱਲ੍ਹ ਤਾਂ ਹਰੇਕ ਡਿੰਭੀ ਡਿੰਭਧਾਰੀ ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂਵਾਕ-ਪੰਕਤੀ ਤੋਂ ਇਹ ਸਿੱਧ ਹੋਇਆ ਕਿ ਸਾਰੇ ਜਗਤ ਨੂੰ ਥੰਮਣ-ਹਾਰ, ਸੱਚਾ ਪ੍ਰਮਾਰਥ ਬਖਸ਼ ਕੇ ਨਿਸਤਾਰਨ, ਸੱਚੇ ਗੁਰਮਤਿ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਨਹਾਰਾ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। ਜਗਤ ਗੁਰੂ ਨਾਨਕ ਮਈ ਸੱਚੇ ਗੁਰੂ-ਸਾਧ ਬਿਹੂਣ ਜਗਤ ਨੂੰ ਥੰਮਣਹਾਰਾ, ਥੰਮ ਕੇ ਅਗੰਮੀ ਗੁਰਮਤਿ ਮਾਰਗ ਦੱਸਣਹਾਰਾ ਆਦਿ ਅੰਤਿ ਨਾ ਕੋਈ ਹੋਇਆ, ਨਾ ਹੋਵੇਗਾ। ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਦਰੀ ਸਾਰੇ ਜਗਤ ਨੂੰ ਨਿਸਤਾਰਨਹਾਰਾ ਸੱਚਾ ਸਤਿਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ, ਇਸ ਮਾਤ-ਲੋਕ-ਮਈ ਜਗਤ ਨੂੰ ਕੀ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰਨਹਾਰਾ ਹੋਇਆ ਤਾਂ ਸੱਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ। ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰੂ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧਪੁਣਾ ਪ੍ਰਗਟਾਇਆ। ਦਸਵੇਂ ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ-ਦਰਸ਼ੀ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾਰਨਹਾਰਾ ਥੰਮਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ:-

ਘਰ ਘਰ ਹੋਇ ਬੈਠ ਹੈਂ ਰਾਮਾ॥ ਤਿਨ ਤੇ ਸਰੇ ਨ ਕੋਊ ਕਾਮਾ ॥੧੨॥
ਦਸਮ ਗ੍ਰੰਥ, ਨਿਹਕਲੰਕ ਅਵਤਾਰ

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇਂ ਖੁੰਬਾਂ ਵਾਂਗੂੰ ਉਗਵ ਖਲੋਣਗੇ, ਪਰੰਤੂ ਜਗਤ-ਨਿਸਤਾਰੇ ਦਾ ਉਨ੍ਹਾਂ ਤੋਂ ਕੋਈ ਕੰਮ ਨਹੀਂ ਸਰੇਗਾ। ਜਗਤ-ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ-ਨਿਸਤਾਰਾ ਨਹੀਂ ਕਰ ਸਕਣਗੇ। ਇਸ ਕਰਕੇ ਆਪਣੀ ਪਰਮ ਅੰਤਰਜਾਮਤਾ ਮਈ ਗੁਰ-ਸਮਰੱਥਤਾ ਵਾਲੀ ਸ਼ਕਤੀ ਦੁਆਰਾ, ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਿਕ ਪੀੜ੍ਹੀ ਏਥੇ ਹੀ ਮੁਕਾ ਦਿੱਤੀ ਅਤੇ ਇਹ ਅਲੌਕਿਕ ਕਲਾ ਵਰਤਾ ਦਿੱਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਜਾਮਿਆਂ ਪਿਛੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ। ਗੁਰੂ ਘਰ ਵਿਖੇ, ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿੱਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਵੀ ਇਕ ਸਿੱਖ ਗੁਰ-ਨਿਸਤਾਰਿਆ ਸਿਖ ਗੁਰੂ ਨਹੀ ਸਦਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ, "**ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ**"*। ਗੁਰੂ ਨਾਨਕ ਦਾ ਨਿਸਤਾਰਿਆ ਹੋਇਆ ਸਿੱਖ, ਸਿੱਖ ਹੀ ਰਹੇਗਾ। ਇੱਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ-ਨਿਸਤਾਰੇ ਹੋਏ ਸਿੱਖਾਂ ਦੇ ਪੁੰਜ ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਇਹ ਧੁਰ-ਧੁਰੰਦਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸੱਚਾ ਧਰੁਵਾ ਬੰਨ੍ਹ ਦਿੱਤਾ। ਏਸ ਬੱਝੇ ਹੋਏ ਧਰੁਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭ-ਧਾਰੀ ਗੁਰੂ, ਗੁਰੂ ਨਾਨਕ ਸਦੱਰਸ਼ ਸਾਧ-

ਗੁਰੂ ਹੋਣ ਹੀ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰੱਤਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾਂ ਜੁਗਾਂ ਵਿਖੇ ਤਾਂ ਟਾਵੀਂ ਟਾਵੀਂ ਗੁਰੱਤਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪ੍ਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ, ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ:-

ਗੁਰਮੁਖਿ ਕਲਿ ਵਿਚਿ ਪ੍ਰਗਟ ਹੋਆ॥੨੭॥
(ਵਾਰ ੧)

ਭਾਵ ਮੁਖੀ ਗੁਰੂ, ਸਭ ਤੋਂ ਸ੍ਰੇਸ਼ਟ ਗੁਰੂ, ਸੱਚਾ ਸਤਿਗੁਰੂ, ਸੱਚੀ ਥੰਮਣਹਾਰ ਨਿਸਤਾਰਨ-ਹਾਰ ਸ਼ਕਤੀ ਵਾਲਾ ਸਾਧ ਗੁਰੂ, ਗੁਰੂ ਨਾਨਕ ਸਾਹਿਬ ਪ੍ਰਗਟ-ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸੱਚੇ ਸਾਧ ਗੁਰ ਸਦੱਰਸ਼ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਸਚ ਮੁੱਚ ਮੁਖੀ ਗੁਰੂ ਵਾਹਿਗੁਰੂ ਸਮਾਨ ਹੀ ਵਾਹਿਗੁਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ ਸਾਧੜੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ, ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ। ਏਨ੍ਹਾਂ ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ:-

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥
ਸਾਰੇ ਹੀ ਦੇਸ ਕੋ ਦੇਖ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥੧॥੨੧॥
ਅਕਾਲ ਉਸਤਤਿ, ਤ੍ਵਪ੍ਰਸਾਦਿ ਸਵੈਯੇ

ਏਸ ਦਾ ਭਾਵ ਹੀ ਸਮੁੱਚੇ ਤੌਰ ਤੇ ਆਪੋ ਆਪਣੇ ਮਨ ਦੇ ਮਤੇ ਅਨੁਸਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਣ ਕਰਦਾ ਹੈ। ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤਿਕ੍ਰਾਲ-ਦਰਸਤਾ ਸੰਪੰਨ ਅੰਤਰ-ਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸ਼ੁਧ ਪਵਿਤ੍ਰਤਾ ਵਾਲੀ ਕ੍ਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਆਨਮਤੀ ਭੇਖਧਾਰੀ ਸਿੱਧ ਜੋਗੀ ਜਤੀ ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ, ਨਰ, ਮੁਨ ਜਨ, ਅਨੇਕਾਂ ਅਨਮਤੀ ਸੰਤਾਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ ਸਾਰੇ ਹੀ ਕਾਇਨਾਤ ਦੇਸ਼ ਦੇ ਅਨਮਤੀ ਮਤ-ਮਤਾਂਤਰਾਂ ਵਾਲੇ ਖ਼ੁਦ-ਸਾਖ਼ਤਾ (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ, ਏਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣਪਤੀ ਦੇ ਦਰਸ਼ਨ ਨਹੀਂ ਦੇਖੇ। ਇਸ ਵਾਹਿਗੁਰੂ ਪ੍ਰਾਨਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ-

ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰੂ ਨਾਨਕ ਸਾਰਖੇ ਸਾਧ ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ। ਏਸ ਖ਼ਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਦੀ ਇੱਕੋ ਸੱਚੀ ਪ੍ਰੀਤੀ ਬਿਨਾਂ (ਸੱਚ ਪ੍ਰੇਮ ਬਿਨਾਂ) ਉਪਰ ਦੱਸੇ ਹੋਏ ਅਨੇਕਾਂ ਅਜਿਹੇ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ-ਸਿੱਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਦੇ ਥਾਪੜੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਇਸ ਬਿਧਿ ਗੁਰੂ ਨਾਨਕ ਰੂਪੀ ਅਜ਼ਲੋਂ ਅਮਰੋਂ ਪਠਾਏ ਸੱਚੇ ਸਾਧ ਗੁਰੂ ਦੀ ਰੀਸ ਕਰ ਕੇ ਆਪਣਾ ਲੋਕ ਪਰਲੋਕ ਵਿਗਾੜ ਬੈਠਦੇ ਹਨ।

ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੀ ਹੋਵੇਗਾ। ਇਹ ਗੱਲ ਗੁਰਸਿੱਖਾ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ।